ਗੁਰੂ ਨਾਨਕ ਦੇਵ ਯੂਨਵਰਸਿਟੀ ਰਿਜ਼ਨਲ ਕੈਂਪਸ,ਜਲੰਧਰ

# GURU NANAK DEV UNIVERSITY

## REGIONAL CAMPUS JALANDHAR

(Established by the State Legislature Act No. 21 of 1969)

Accredited "A++" by NAAC & Conferred "University with Potential for Excellence" Status by UGC

**E&T Department** **Website:** gndurcjal.in **E-mail:** et.rcj@gndu.ac.in

21637
25/1/21

No:- 118/ETRCJ
Dated:- 19.01.2021

ਜਿਲ੍ਹਾ ਸਿਖਿਆ ਅਫਸਰ ਸੀਨੀਅਰ ਸੈਕੰਡਰੀ,
ਅਦਰਸ਼ ਨਗਰ , ਜਲੰਧਰ।

ਵਿਸ਼ਾ: ਕਿਤਾ ਮੁਖੀ ਕੋਰਸਾਂ ਵਿਚ ਰੋਜ਼ਗਾਰ ਦੀਆਂ ਸੰਭਾਵਨਾਵਾਂ ਪ੍ਰਤੀ ਜਾਗਰੁਕ ਕਰਨ ਸੰਬੰਧੀ।

ਸ਼੍ਰੀਮਾਨ ਜੀ/ਸ਼੍ਰੀਮਤੀ ਜੀ,

ਮੈਨੂੰ ਇਹ ਦੱਸਦੇ ਹੋਏ ਮਾਣ ਮਹਿਸੂਸ ਹੋ ਰਿਹਾ ਹੈ ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਜਿਸ ਦੀ ਸਥਾਪਨਾ 1969 ਵਿਚ ਹੋਈ ਸੀ, ਤਕਨੀਕੀ ਸਿੱਖਿਆ ਦੇ ਖੇਤਰ ਵਿਚ ਇੱਕ ਮਹੱਤਵਪੂਰਨ ਸਥਾਨ ਬਣਾ ਚੁੱਕੀ ਹੈ। ਇਸ ਦੀਆਂ ਉਪਲਬਧੀਆਂ ਸਦਕਾ U.G.C. ਵੱਲੋਂ ਇਸ ਯੂਨੀਵਰਸਿਟੀ ਨੂੰ ਉਚ ਸਟੇਟਸ **"University with Potential for Excellence" (UPE) ns/ NAAC** ਵੱਲੋਂ ਵੀ **'A++'** ਨਾਲ ਮਾਨਤਾ ਮਿਲ ਚੁੱਕੀ ਹੈ।

ਦੁਆਬਾ ਖੇਤਰ ਦੇ ਵਿਦਿਆਰਥੀਆਂ ਦੀਆਂ ਲੋੜਾਂ ਨੂੰ ਦੇਖਦੇ ਹੋਏ ਗੁਰੂ ਨਾਨਕ ਦੇਵ ਯੂਨੀਵਰਸਿਟੀ ਨੇ ਸਾਲ 1979 ਵਿਚ ਜਲੰਧਰ ਵਿਖੇ ਰਿਜਨਲ ਕੈਂਪਸ ਸ਼ੁਰੂ ਕੀਤਾ। ਸਮੇਂ ਦੇ ਬੀਤਣ ਨਾਲ ਇਸ ਸਮੇਂ ਰਿਜਨਲ ਕੈਂਪਸ ਵਿਚ ਇੰਜੀਨੀਅਰਿੰਗ, ਕਾਨੂੰਨ, ਪੰਜਾਬੀ ਅਤੇ ਪੱਤਰਕਾਰੀ ਤੇ ਜਨਸੰਚਾਰ ਕੋਰਸ ਚੱਲ ਰਹੇ ਹਨ। ਤਕਨੀਕੀ ਸਿਖਿਆ ਪ੍ਰਦਾਨ ਕਰਨ ਦੇ ਮੰਤਵ ਨਾਲ ਯੂਨੀਵਰਸਿਟੀ ਨੇ ਰਿਜਨਲ ਕੈਂਪਸ ਵਿਖੇ ਬੀ.ਟੈਕ. ਅਤੇ ਐਮ.ਟੈਕ. (ਈ.ਸੀ.ਈ./ਈ. ਐਨ.ਸੀ /ਸੀ.ਐਸ.ਈ.) ਕੋਰਸ ਸ਼ੁਰੂ ਕੀਤੇ। ਗੁਰੂ ਨਾਨਕ ਦੇਵ ਯੂਨੀਵਰਸਿਟੀ ਨੂੰ ਇਸ ਦੇ ਪੜ੍ਹੇ ਵਿਦਿਆਰਥੀਆਂ ਨੂੰ ਵਿਸ਼ਵ ਪ੍ਰਸਿਧ ਕੰਪਨੀਆਂ ਵਿਚ **placement** ਦੁਆਉਣ ਦਾ ਮਾਣ ਪ੍ਰਾਪਤ ਹੈ। ਇਸੇ ਤਰ੍ਹਾਂ ਵਿਦਿਆਰਥੀ ਅੱਗੇ ਵੀ ਇਨ੍ਹਾਂ ਕੋਰਸਾਂ ਨੂੰ ਮੁਕੰਮਲ ਕਰਨ ਉਪਰੰਤ ਵੱਖ-ਵੱਖ ਖੇਤਰਾਂ ਜਿਵੇਂ **Internet of Things (IoT), Networking, Chip designing, Consumer Electronics, Smart City, I.T. Sector, Telecom** ਵਿਚ ਆਪਣਾ ਭਵਿੱਖ ਬਣਾ ਸਕਦੇ ਹਨ।

ਜਿਲ੍ਹਾ ਸਿਖਿਆ ਦਫਤਰ ਦੇ ਅਧੀਨ ਆਉਦੀਆਂ ਵੱਖ-ਵੱਖ ਸਿਖਿਆ ਸੰਸਥਾ ਵਿਚ ਪੜ੍ਹ ਰਹੇ ਬੱਚਿਆਂ ਦਾ ਧਿਆਨ ਉਚੇਰੀ ਸਿੱਖਿਆ ਵਿਚ ਉਪਲਬਦ ਰੋਜ਼ਗਾਰ ਦੇ ਮੌਕਿਆਂ ਵੱਲ ਦੁਆਉਂਦੇ ਹੋਏ ਮੈਂ ਆਪਣੀ ਸੰਸਥਾ ਦੇ **Faculty Members** ਦੀ **expert team** ਨੂੰ ਬੱਚਿਆਂ ਦੇ ਰੂ-ਬ-ਰੂ ਕਰਾਉਣ ਲਈ ਭੇਜ ਰਿਹਾ ਹਾਂ। ਇਸ ਲਈ ਬੇਨਤੀ ਹੈ ਕਿ ਉਚੇਰੀ ਤਕਨੀਕੀ ਸਿੱਖਿਆ ਸੰਬੰਧੀ ਬੱਚਿਆਂ ਨੂੰ ਜਾਗਰੂਕ ਕਰਾਉਣ ਲਈ ਲੋੜੀਂਦਾ ਸਮਾਂ ਦੇਣ ਲਈ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।

ਜਿਲ੍ਹਾ ਸਿਖਿਆ ਅਫਸਰ, ਜਲੰਧਰ
ਡਾਇਰੀ ਨੰ. 2021 27880
ਮਿਤੀ ਜਲੰਧਰ 27-1-21

ਵਿਸ਼ਵਾਸ ਪਾਤਰ,

19/1/21

ਐਸੋਸ਼ੀਏਟ ਡੀਨ ਵਿਦਿਅਕ ਮਾਮਲੇ
ਤੇ ਵਿਦਿਆਰਥੀ ਭਲਾਈ

ਜਿਲ੍ਹਾ ਸਿਖਿਆ ਅਫ਼ਸਰ (ਸੈ)
ਜਲੰਧਰ